**Proceedings of the meeting of the Commission held on 19-10-2020 under the Chairmanship of Prof. Emanual Nahar, Chairman.**

ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ/ਮੈਂਬਰ ਸ਼ਾਮਲ ਹੋਏ :-

1. ਸ੍ਰੀ ਮੁਹੰਮਦ ਰਫੀ : ਸੀਨੀਅਰ ਵਾਈਸ-ਚੇਅਰਮੈਨ
2. ਸ੍ਰੀ ਹੰਸ ਰਾਜ : ਵਾਈਸ-ਚੇਅਰਮੈਨ
3. ਸ੍ਰੀ ਅਹਿਮਦ ਅੱਲੀ ਗੁੱਡੂ : ਮੈਂਬਰ
4. ਸ੍ਰੀ ਗੁਲਾਮ ਹੁਸੈਨ : ਮੈਂਬਰ
5. ਸ੍ਰੀ ਸ਼ੇਰ ਖਾਨ : ਮੈਂਬਰ
6. ਸ੍ਰੀ ਬਹਾਦਰ ਖਾਨ : ਮੈਂਬਰ
7. ਸ੍ਰੀ ਨਾਸਿਰ ਹਸਨ ਸਲਮਾਨੀ : ਮੈਂਬਰ
8. ਸ੍ਰੀ ਸਲਿਲ ਕੁਮਾਰ ਮੈਂਬਰ : ਮੈਂਬਰ
9. ਸ੍ਰੀ ਲਾਲ ਹੁਸੈਨ ਮੈਂਬਰ : ਮੈਂਬਰ

ਚੇਅਰਮੈਨ ਜੀ ਵੱਲੋਂ ਮੀਟਿੰਗ ਵਿਚ ਸ਼ਾਮਲ ਹੋਏ ਅਧਿਕਾਰੀਆਂ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਮੀਟਿੰਗ ਵਿਚ ਹਾਜ਼ਰ ਹੋਏ ਅਧਿਕਾਰੀਆਂ/ਮੈਂਬਰਾਂ ਨਾਲ ਜਾਣ-ਪਹਿਚਾਣ ਕਰਵਾਈ ਗਈ ਅਤੇ ਚੇਅਰਮੈਨ ਜੀ ਦੀ ਆਗਿਆ ਨਾਲ ਮੀਟਿੰਗ ਸ਼ੁਰੂ ਕੀਤੀ ਗਈ।

**CHAIRMAN REPORT**

**Agenda Item No.1**

**Review of decisions taken in the last meeting dt. 16-3-2020.**

ਚੇਅਰਮੈਨ ਵੱਲੋਂ ਮਿਤੀ 16-3-20 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲਿਆਂ ਦੇ ਸਬੰਧ ਵਿਚ ਕੀਤੀ ਗਈ ਕਾਰਵਾਈ ਬਾਰੇ ਮੀਟਿੰਗ ਵਿਚ ਹਾਜ਼ਰ ਅਧਿਕਾਰੀਆਂ/ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ। ਕਮਿਸ਼ਨ ਵਿਚ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਤੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੇ ਸਬੰਧ ਵਿਚ ਕਮਿਸ਼ਨ ਵੱਲੋਂ ਕੀਤੀ ਗਈ ਕਾਰਵਾਈ ਬਾਰੇ ਅਤੇ ਡਿਸਪੋਜ਼ਲ ਬਾਰੇ ਦਸਿਆ ਗਿਆ। ਕਮਿਸ਼ਨ ਦੁਆਰਾ ਪਿਛਲੇ ਸਮੇਂ ਦੌਰਾਨ ਵੱਖ ਵੱਖ ਵਿਭਾਗਾਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਬਾਰੇ ਅਤੇ ਉਹਨਾਂ ਵਿਚ ਲਏ ਗਏ ਫੈਸਲਿਆ ਬਾਰੇ ਵੀ ਜਾਣੂ ਕਰਵਾਇਆ।

**Agenda item No. -2**

**Issues to discuss the problems of grave yards faced by the Christians and Muslim Communities.**

ਕਬਰਸਥਾਨਾਂ ਬਾਰੇ ਵਿਚਾਰ ਵਟਾਂਦਰਾਂ ਕਰਦੇ ਸਮੇਂ ਚੇਅਰਮੈਨ ਵੱਲੋਂ ਦਸਿਆ ਗਿਆ ਕਿ ਮੁਸਲਿਮ ਅਤੇ ਇਸਾਈ ਭਾਈਚਾਰੇ ਦੇ ਬਹੁੱਤ ਸਾਰੇ ਕਬਰਸਤਾਨਾਂ ਉੱਤੇ ਭੂ-ਮਾਫੀਆ ਵੱਲੋਂ ਨਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ। ਖਾਸ ਕਰਕੇ ਪਿੰਡਾਂ ਵਿਚ ਕਬਰਸਥਾਨਾਂ ਨਾਲ ਲਗਦੀ ਜ਼ਮੀਨ ਦੇ ਮਾਲਕਾਂ

ਵੱਲੋਂ ਕਬਜ਼ੇ ਕੀਤੇ ਜਾ ਰਹੇ ਹਨ। ਪੰਜਾਬ ਫਕਫ ਬੋਰਡ ਅਧੀਨ ਕਬਰਸਥਾਨਾਂ ਉੱਤੇ ਵੀ ਕਬਜ਼ੇ ਹੋ ਰਹੇ ਹਨ ਅਤੇ ਕਈ ਕਬਰਸਥਾਨਾਂ ਦੀ ਚਾਰ-ਦਿਵਾਰੀ ਨਹੀਂ ਹੈ ਜਿਸ ਕਾਰਨ ਲੋਕਾਂ ਵੱਲੋਂ ਕੂੜਾ ਕਰਕਟ ਸੁੱਟਿਆ ਜਾ ਰਿਹਾ ਹੈ। ਕਬਰਸਥਾਨਾਂ ਦੀ ਸਾਂਭ ਸੰਭਾਲ ਨਾ ਹੋਣ ਕਾਰਨ ਦਿੰਨ ਪ੍ਰਤੀ ਦਿੰਨ ਇਹਨਾਂ ਦਾ ਰਕਬਾ ਘੱਟਦਾ ਜਾ ਰਿਹਾ ਹੈ। ਅੰਜਡੇ ਵਿਚ ਦਸਿਆ ਗਿਆ ਕਿ ਕਮਿਸ਼ਨ ਵੱਲੋਂ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਮਿਤੀ 29-6-2020 ਰਾਹੀਂ ਲਿਖਿਆ ਗਿਆ ਹੈ ਕਿ ਜਿਹਨਾਂ ਪਿੰਡਾਂ ਵਿਚ ਕਬਰਸਥਾਨਾਂ ਅਤੇ ਰਸਤੇ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਕਬਜ਼ੇ ਖਾਲੀ ਕਰਵਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

**PSMC, Resolution (Decision) dated 19.10.20**

ਵਿਚਾਰ ਵਟਾਂਦਰੇ ਉਪਰੰਤ ਫੈਸਲਾ ਲਿਆ ਕਿ ਇਹ ਮਾਮਲਾ ਮਾਨਯੋਗ ਮੁੱਖ ਮੰਤਰੀ, ਵੱਧੀਕ ਮੁੱਖ ਸਕੱਤਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਤੇ ਸਾਰੇ ਡਿਪਟੀ ਕਮਿਸ਼ਨਰਜ਼ ਦੇ ਧਿਆਨ ਵਿਚ ਲਿਆਂਦਾ ਜਾਵੇ। ਇਹ ਵੀ ਲਿਖਿਆ ਜਾਵੇ ਕਿ ਕਬਰਸਥਾਨਾਂ ਤੇ ਨਜਾਇਜ਼ ਕਬਜ਼ੇ ਰੋਕਣ ਲਈ ਸਖਤ ਕਾਰਵਾਈ ਕੀਤੀ ਜਾਵੇ। ਵਕਫ ਬੋਰਡ ਨੂੰ ਵੀ ਲਿਖਿਆ ਜਾਵੇ ਕਿ ਉਹਨਾਂ ਦੇ ਅਧੀਨ ਆਉਂਦੇ ਕਬਰਸਥਾਨਾਂ ਦੀ ਚੰਗੇ ਤਰੀਕੇ ਨਾਲ ਸੰਭਾਲ ਕਰਨ ਦਾ ਪ੍ਰਬੰਧ ਕੀਤਾ ਜਾਵੇ, ਚਾਰ-ਦਿਵਾਰੀ ਕਰਵਾਈ ਜਾਵੇ ਅਤੇ ਕਬਰਸਥਾਨ ਦੀ ਜ਼ਮੀਨ ਉੱਤੇ ਨਜਾਇਜ਼ ਕਬਜ਼ੇ ਰੋਕਣ ਲਈ ਜ਼ਲਦ ਢੁੱਕਵੀਂ ਕਾਰਵਾਈ ਕੀਤੀ ਜਾਵੇ।

**Agenda item No.– 3**

**To discuss the problems of atrocities and harassment committed on the Minorities.**

ਚੇਅਰਮੈਨ ਜੀ ਨੇ ਦਸਿਆ ਕਿ ਕਮਿਸ਼ਨ ਵਿਚ ਬਹੁੱਤ ਸਾਰੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਕਿ ਇਸਾਈ ਅਤੇ ਮੁਸਲਿਮ ਭਾਈਚਾਰੇ ਦੇ ਗਰੀਬ ਲੋਕਾਂ ਉੱਤੇ ਅਤੇ ਇਹਨਾਂ ਦੇ ਧਾਰਮਿਕ ਸਥਾਨਾਂ ਉੱਤੇ ਨਿਤਾ ਪ੍ਰਤੀ ਹਮਲੇ ਹੋ ਰਹੇ ਹਨ ਅਤੇ ਧਨਾਡ ਲੋਕਾਂ ਵੱਲੋਂ ਮਾਰਕੁਟਾਈ ਕੀਤੀ ਜਾ ਰਹੀ ਹੈ, ਪਰੰਤੂ ਪੁਲਿਸ ਦੁਆਰਾ ਕਾਰਵਾਈ ਕਰਨ ਵਿਚ ਬਹੁੱਤ ਦੇਰੀ ਕੀਤੀ ਜਾਂਦੀ ਹੈ ਜਾਂ ਕਈ ਵਾਰ ਕੋਈ ਦੋਸ਼ੀਆਂ ਵਿਰੁੱਧ ਸਮੇਂ ਸਿਰ ਕਾਰਵਾਈ ਨਾ ਹੋਣ ਕਾਰਨ ਉਹਨਾਂ ਦੇ ਹੋਸਲੇ ਬੁਲੰਦ ਹੁੰਦੇ ਹਨ।

**PSMC, Resolution (Decision) dated 19.10.20**

ਕਮਿਸ਼ਨ ਨੇ ਸਰਬਸਮੰਤੀ ਨਾਲ ਮੱਤਾ ਪਾਸ ਕੀਤਾ ਕਿ ਮਾਨਯੋਗ ਮੁੱਖ ਮੰਤਰੀ, ਵੱਧੀਕ ਮੁੱਖ ਸੱਕਤਰ ਗ੍ਰਹਿ ਵਿਭਾਗ ਅਤੇ ਡੀ.ਜੀ.ਪੀ. ਪੰਜਾਬ ਨੂੰ ਲਿਖਿਆ ਜਾਵੇ ਕਿ ਉਹ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਇਸ ਸਬੰਧੀ ਤੁਰੰਤ ਕਾਰਵਾਈ ਕਰਨ ਲਈ ਹਦਾਇਤਾਂ ਜ਼ਾਰੀ ਕਰਨ ਤਾਂ ਜੋ

ਘੱਟ ਗਿਣਤੀ ਭਾਈਚਾਰਾ ਆਪਣੇ ਆਪ ਨੂੰ ਸੁਰਖੱਿਅਤ ਮਹਿਸੂਸ ਕਰੇ ਅਤੇ ਸਾਂਤੀ ਨਾਲ ਜੀਵਨ ਬੱਤੀਤ ਕਰਨ।

**Agenda Item -4 :**

**Issue to discuss the problems of heritage building of the minority community and recommend the Government for declaring these buildings as heritage building.**

ਮੀਟਿੰਗ ਵਿਚ ਚੇਅਰਮੈਨ ਜੀ ਵੱਲੋਂ ਦਸਿਆ ਗਿਆ ਕਿ ਇਸਾਈ ਅਤੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਬਹੁੱਤ ਪੁਰਾਣੀਆਂ ਇਤਿਹਾਸਕ ਅਤੇ ਧਾਰਮਿਕ ਇਮਾਰਤਾਂ ਹਨ, ਜਿਹਨਾਂ ਵਿਚੋਂ ਕਈ ਤਾਂ 100 ਸਾਲ ਤੋਂ ਵੀ ਵੱਧ ਪੁਰਾਣੀਆਂ ਹਨ। ਚੰਗੀ ਤਰ੍ਹਾਂ ਸਾਂਭ ਸੰਭਾਲ ਨਾ ਹੋਣ ਕਾਰਨ ਇਹਨਾਂ ਦੀ ਇਮਾਰਤਾਂ ਦੀ ਹਾਲਤ ਬਹੁੱਤ ਖਰਾਬ ਹੋ ਚੁੱਕੀ ਹੈ ਅਤੇ ਇਮਾਰਤਾਂ ਦੇ ਕਈ ਹਿੱਸੇ ਢਹਿ ਰਹੇ ਹਨ। ਇਹਨਾਂ ਵਿਰਾਸਤੀ ਇਮਾਰਤਾਂ ਨੂੰ ਬਚਾਉਣਾ ਬਹੁੱਤ ਜ਼ਰੂਰੀ ਹੈ। ਇਤਿਹਾਸਕ ਅਤੇ ਧਾਰਮਿਕ 100 ਸਾਲ ਤੋਂ ਵੱਧ ਪੁਰਾਣੀਆਂ ਇਮਾਰਤਾਂ ਨੂੰ ਪੁਰਾਤਤਵ ਵਿਭਾਗ, ਪੰਜਾਬ ਦੁਆਰਾ ਵਿਰਾਸਤੀ ਇਮਾਰਤਾਂ ਘੋਸ਼ਤ ਕਰਕੇ ਚੰਗੀ ਤਰ੍ਹਾਂ ਸਾਂਭ ਸੰਭਾਲ ਸਰਕਾਰ ਦੁਆਰਾ ਹੀ ਕੀਤੀ ਜਾ ਸਕਦੀ ਹੈ। ਇਸ ਲਈ ਇਹਨਾਂ ਇਮਾਰਤਾਂ ਨੂੰ ਵਿਰਾਸਤੀ ਇਮਾਰਤਾਂ ਘੋਸ਼ਿਤ ਕਰਵਾਇਆ ਜਾਵੇ।

**PSMC, Resolution (Decision) dated 19.10.20**

ਵਿਚਾਰ ਵਟਾਂਦਰੇ ਉਪਰੰਤ ਕਮਿਸ਼ਨ ਦੁਆਰਾ ਫੈਸਲਾ ਲਿਆ ਗਿਆ ਕਿ ਪੰਜਾਬ ਸਰਕਾਰ, ਪੁਰਾਤਤਵ ਵਿਭਾਗ ਨੂੰ ਲਿਖਿਆ ਜਾਵੇ ਕਿ ਇਸਾਈ ਅਤੇ ਮੁਸਲਿਮ ਭਾਈਚਾਰਿਆਂ ਨਾਲ ਸਬੰਧਤ ਜੋ 100 ਸਾਲ ਤੋਂ ਵੱਧ ਸਮੇਂ ਤੋਂ ਪੁਰਾਣੀਆਂ ਇਤਿਹਾਸਕ ਅਤੇ ਧਾਰਮਿਕ ਇਮਾਰਤਾਂ ਹਨ ਨੂੰ ਸਰਕਾਰ ਵੱਲੋਂ ਵਿਰਾਸਤੀ/ਹੈਰੀਟੇਜ਼ ਇਮਰਾਤਾਂ ਘੋਸ਼ਤ ਕੀਤਾ ਜਾਵੇ ਅਤੇ ਉਹਨਾਂ ਦੀ ਸਾਂਭ ਸੰਭਾਲ ਕੀਤੀ ਜਾਵੇ।

**Agenda Item -5 (1)-**

**Issues to discuss regarding giving relaxation of 5 years of maximum age limit for recruitment to the services in the Punjab Government for minorities.**

ਚੇਅਰਮੈਨ ਜੀ ਵੱਲੋ ਦਸਿਆ ਗਿਆ ਕਿ ਪੰਜਾਬ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਵਰਗਾਂ ਨੂੰ ਸਰਕਾਰੀ ਨੌਕਰੀ ਵਿਚ ਮੁੱਢਲੀ ਭਰਤੀ ਸਮੇਂ ਰਿਜ਼ਰਵੇਸ਼ਨ ਦਾ ਲਾਭ ਦਿੱਤਾ ਗਿਆ ਹੈ। ਪਰੰਤੂ ਇਸਾਈ ਅਤੇ ਮੁਸਲਿਮ ਭਾਈਚਾਰੇ ਲਈ ਰਿਜ਼ਰਵੇਸ਼ਨ ਦਾ ਕੋਈ ਲਾਭ ਨਹੀਂ ਦਿੱਤਾ ਗਿਆ, ਜਿਸ ਕਾਰਨ ਇਹਨਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀ ਪ੍ਰਾਪਤ

ਕਰਨ ਵਿਚ ਬਹੁੱਤ ਪ੍ਰੇਸ਼ਾਨੀ ਹੁੰਦੀ ਹੈ। ਗਰੀਬੀ ਕਾਰਨ ਬਚਿੱਆਂ ਦੀ ਚੰਗੀ ਤਰ੍ਹਾਂ ਪੜ੍ਹਾਈ ਨਾ ਹੋਣ ਕਰਕੇ ਇਹਨਾਂ ਦੇ ਬਚਿੱਆਂ ਨੂੰ ਸਰਕਾਰੀ ਨੌਕਰੀ ਨਹੀਂ ਮਿਲਦੀ। ਇਹ ਦਸਿਆ ਗਿਆ ਕਿ ਕਰਨਾਟਕਾ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਕੇਰਲਾ ਵਿਚ ਮੁੱਢਲੀ ਭਰਤੀ ਸਮੇਂ 5% ਆਸਾਮੀਆਂ ਘੱਟ ਗਿਣਤੀਆਂ ਲਈ ਰਾਖਵੇਂਕਰਨ ਦਾ ਲਾਭ ਦੇਣ ਦਾ ਉਪਬੰਧ ਕੀਤਾ ਗਿਆ ਹੈ। ਇਸ ਦੇ ਆਧਾਰ ਤੇ ਪੰਜਾਬ ਵਿਚ ਘੱਟ ਗਿਣਤੀਆਂ ਇਸਾਈ ਅਤੇ ਮੁਸਲਿਮ ਬਚਿੱਆਂ ਲਈ ਵੀ ਮੁੱਢਲੀ ਭਰਤੀ ਸਮੇਂ 5% ਆਸਾਮੀਆਂ ਰਾਖਵੀਆਂ ਰੱਖੀਆਂ ਜਾਣੀਆਂ ਬਹੁੱਤ ਜ਼ਰੂਰੀ ਹਨ ਤਾਂ ਜੋ ਇਹ ਸਰਕਾਰੀ ਨੌਕਰੀ ਆਸਾਨੀ ਨਾਲ ਪ੍ਰਾਪਤ ਕਰ ਸਕਣ।

**PSMC, Resolution (Decision) dated 19.10.20**

ਵਿਚਾਰ ਵਟਾਂਦਰੇ ਉਪਰੰਤ ਕਮਿਸ਼ਨ ਨੇ ਇਹ ਮੱਤਾ ਪਾਸ ਕੀਤਾ ਕਿ ਮਾਨਯੋਗ ਮੁੱਖ ਮੰਤਰੀ ਜੀ ਨੂੰ ਲਿਖਿਆ ਜਾਵੇ ਕਿ ਘੱਟ ਗਿਣਤੀ ਮੁਸਲਿਮ ਅਤੇ ਇਸਾਈ ਭਾਈਚਾਰੇ ਦੇ ਬਚਿੱਆਂ ਲਈ ਸਰਕਾਰੀ ਨੌਕਰੀਆਂ ਦੀ ਮੁੱਢਲੀ ਭਰਤੀ ਸਮੇਂ ਘੱਟ ਤੋਂ ਘੱਟ 5% ਰਿਜ਼ਰਵੇਸ਼ਨ ਦਿੱਤੀ ਜਾਵੇ ਤਾਂ ਜੋ ਉਹ ਵੀ ਸਰਕਾਰੀ ਨੌਕਰੀਆਂ ਦਾ ਆਸਾਨੀ ਨਾਲ ਲਾਭ ਪ੍ਰਾਪਤ ਕਰ ਸਕਣ।

**Agenda Item -5 (2) -**

**Relaxation in maximum age limit for Punjab Government jobs.**

ਚੇਅਰਮੈਨ ਵੱਲੋ ਧਿਆਨ ਵਿਚ ਲਿਆਂਦਾ ਗਿਆ ਕਿ ਪੰਜਾਬ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਵਰਗਾਂ ਨੂੰ ਸਰਕਾਰੀ ਨੌਕਰੀ ਵਿਚ ਮੁੱਢਲੀ ਭਰਤੀ ਸਮੇਂ ਵੱਧ ਤੋਂ ਵੱਧ ਉਮਰ ਵਿਚ 5 ਸਾਲ ਦੀ ਛੋਟ ਦਿੱਤੀ ਗਈ ਹੈ। ਪਰੰਤੂ ਇਸਾਈ ਅਤੇ ਮੁਸਲਿਮ ਭਾਈਚਾਰੇ ਲਈ ਉਮਰ ਵਿਚ ਛੋਟ ਲਾਭ ਨਹੀਂ ਦਿੱਤਾ ਗਿਆ। ਜਿਸ ਕਾਰਨ ਇਹਨਾਂ ਦੇ ਵੱਧ ਉਮਰ ਦੇ ਬੱਚੇ ਸਰਕਾਰੀ ਨੌਕਰੀ ਪ੍ਰਾਪਤ ਨਹੀਂ ਕਰ ਸਕਦੇ । ਇਸ ਲਈ ਸਰਕਾਰੀ ਨੌਕਰੀ ਲਈ 5 ਸਾਲ ਦੀ ਉਮਰ ਦੀ ਛੋਟ ਦਾ ਲਾਭ ਇਸਾਈ ਅਤੇ ਮੁਸਲਿਮ ਭਾਈਚਾਰੇ ਦੇ ਬਚਿੱਆਂ ਲਈ ਵੀ ਹੋਣਾ ਬਹੁੱਤ ਜ਼ਰੂਰੀ ਹੈ।

**PSMC, Resolution (Decision) ) dated 19.10.2020**

ਵਿਚਾਰ ਵਟਾਂਦਰੇ ਉਪਰੰਤ ਕਮਿਸ਼ਨ ਦੁਆਰਾ ਫੈਸਲਾ ਲਿਆ ਗਿਆ ਕਿ ਮੁਸਲਿਮ, ਇਸਾਈ ਅਤੇ ਜੈਨ ਘੱਟ ਗਿਣਤੀ ਭਾਈਚਾਰੇ ਨੂੰ ਸਰਕਾਰੀ ਨੌਕਰੀ ਵਿਚ ਸਿੱਧੀ ਭਰਤੀ ਸਮੇਂ ਉਮਰ ਦੀ ਉਪਰਲੀ ਹੱਦ ਵਿਚ 5 ਸਾਲ ਦੀ ਛੋਟ ਦੇਣ ਲਈ ਸਰਕਾਰ ਨੂੰ ਲਿਖਿਆ ਜਾਵੇ ਜਿਵੇਂ ਕਿ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਦਿੱਤੀ ਗਈ ਹੈ।

**Agenda Item -5**

**(3) Grant of benefit of Dr. B.R. Ambadkar Post-Matric Scholarship Scheme also to the students of minorities.**

ਚੇਅਰਮੈਨ ਜੀ ਨੇ ਦਸਿਆ ਕਿ ਪੰਜਾਬ ਸਰਕਾਰ ਦੁਆਰਾ ਦਲਿਤ ਵਿਦਿਆਰਥੀਆਂ ਲਈ ਡਾ: ਬੀ.ਆਰ. ਅੰਬੇਦਕਰ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਲਾਗੂ ਕੀਤੀ ਗਈ ਹੈ। ਪੰਜਾਬ ਵਿਚ ਵੱਸਦੇ ਇਸਾਈ ਅਤੇ ਮੁਸਲਿਮ ਘੱਟ ਗਿਣਤੀ ਦੇ ਭਾਈਚਾਰੇ ਦੇ ਬਹੁੱਤ ਜ਼ਿਆਦਾ ਗਿਣਤੀ ਵਿਚ ਲੋਕ ਗਰੀਬੀ ਰੇਖਾ ਤੋਂ ਹੇਠ ਦਾ ਜੀਵਨ ਬਤੀਤ ਕਰ ਰਹੇ ਹਨ, ਉਹਨਾਂ ਦੇ ਰੋਜ਼ੀ ਰੋਟੀ ਕਮਾਉਣ ਦੇ ਸਾਧਨ ਬਹੁੱਤ ਘੱਟ ਹਨ । ਪਿੰਡਾਂ ਵਿਚ ਜ਼ਿਆਦਾ ਤਰ ਲੋਕ ਖੇਤ ਮਜ਼ਦੂਰੀ ਦਾ ਕੰਮ ਕਰਕੇ ਹਨ ਜਿਸ ਉਹਨਾਂ ਦੀ ਆਮਦਨ ਬਹੁੱਤ ਘੱਟ ਹੈ। ਆਮਦਨ ਦੇ ਸਾਧਨ ਬਹੁੱਤ ਘੱਟ ਹੋਣ ਕਾਰਨ ਇਹ ਲੋਕ ਆਪਣੇ ਬਚਿੱਆਂ ਦੀ ਉੱਚ ਪੱਧਰੀ ਪੜ੍ਹਾਈ ਕਰਵਾਉਣ ਤੋਂ ਅਸਮਰਥ ਹਨ। ਇਸ ਲਈ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਵਾਉਣ ਲਈ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਵੀ ਵਿੱਤੀ ਸਹਾਇਤਾ ਦੇਣ ਦੀ ਬਹੁੱਤ ਲੋੜ ਹੈ। ਇਸ ਦੇ ਨਾਲ-ਨਾਲ ਯੋਗ ਵਿਦਿਆਰਥੀਆਂ ਨੂੰ ਨਾ-ਮੋੜਨਯੋਗ ਫੀਸਾਂ ਦੀ ਪ੍ਰਤੀ ਪੂਰਤੀ ਵੀ ਕਰਵਾਉਣ ਦੀ ਲੋੜ ਹੈ ਤਾਂ ਜੋਂ ਇਹ ਲੋਕ ਆਪਣੇ ਬਚਿੱਆਂ ਨੂੰ ਉੱਚ ਪੱਧਰੀ ਸਿੱਖਿਆ ਦਿਵਾ ਸਕਣ ਅਤੇ ਵੱਧੀਆਂ ਨੌਕਰੀਆਂ ਪ੍ਰਾਪਤ ਕਰ ਸਕੱਣ।

**PSMC, Resolution (Decision) ) dated 19.10.20**

ਕਮਿਸ਼ਨ ਨੇ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਸਕਲਰਸ਼ਿਪ ਦੇਣ ਦੇ ਫੈਸਲੇ ਦੀ ਭਰਪੂਰ ਸਲਾਘਾ ਕੀਤੀ ਅਤੇ ਧੰਨਵਾਦ ਕੀਤਾ। ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਇਸ ਸਬੰਧ ਵਿਚ ਮਾਨਯੋਗ ਮੁੱਖ ਮੰਤਰੀ ਜੀ ਨੂੰ ਧੰਨਵਾਦ ਦੇ ਮਤੇ ਸਮੇਤ ਬੇਨਤੀ ਕੀਤੀ ਜਾਵੇ ਕਿ ਦਲਿਤ ਵਿਦਿਆਰਥੀਆਂ ਦੀ ਤਰਜ਼ ਤੇ ਘੱਟ ਗਿਣਤੀ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਵੀ ਪੰਜਾਬ ਸਰਕਾਰ ਵੱਲੋਂ ਦਲਿਤ ਵਿਦਿਆਰਥੀਆਂ ਲਈ ਬੀ.ਆਰ. ਅੰਬੇਦਕਰ ਪੋਸਟ-ਮੈਟਰਿਕ ਸਕਾਲਰਸ਼ਿਪ ਸਕੀਮ ਦੇ ਲਾਭ ਦਿੱਤਾ ਜਾਵੇ।

**Agenda Item- 6 :**

**Recommendation for increasing the amount of Shagan Scheme and other financial help to be provided to the Minorities due to Covid-19.**

ਚੇਅਰਮੈਨ ਜੀ ਨੇ ਦਸਿਆ ਕਿ ਘੱਟ ਆਮਦਨ ਵਾਲੇ ਲੋਕਾਂ ਨੂੰ ਸ਼ਗਨ ਅਧੀਨ ਮਿਲਦੀ 21000/-ਰੁਪਏ ਦੀ ਰਾਸ਼ੀ ਅੱਜ ਕੱਲ ਦੇ ਹਾਲਾਤਾਂ ਵਿਚ ਬਹੁੱਤ ਘੱਟ ਹੈ । ਲਾਕ ਡਾਉਨ ਹੋਣ ਕਾਰਨ ਗਰੀਬ ਲੋਕਾਂ ਤੇ ਬਹੁੱਤ ਬੁਰੀ ਮਾਰ ਪਈ ਹੈ। ਆਮਦਨ ਦਾ ਸਾਧਨ ਬਹੁੱਤ ਹੀ ਘੱਟ ਗਏ ਹਨ ਜਿਸ

ਕਾਰਨ ਗਰੀਬ ਲੋਕਾਂ ਨੂੰ ਆਪਣੀ ਲੜਕੀ ਦੀ ਸ਼ਾਦੀ ਕਰਨੀ ਬਹੁੱਤ ਮੁਸ਼ਿਕਲ ਹੋ ਗਈ ਹੈ। ਉਹਨਾਂ ਨੂੰ ਲੜਕੀ ਦੀ ਸ਼ਾਦੀ ਲਈ ਵੱਧ ਆਰਥਿਕ ਮਦੱਦ ਦੀ ਲੋੜ ਹੈ।

**Resolution/Decision dated 19.10.20**

ਕਮਿਸ਼ਨ ਦੁਆਰਾ ਮਹਿਸੂਸ ਕੀਤਾ ਗਿਆ ਸ਼ਗਨ ਸਕੀਮ ਤਹਿਤ 21000/-ਰੁਪਏ ਦੀ ਰਾਸ਼ੀ ਬਹੁੱਤ ਘੱਟ ਹੈ, ਕੋਵਿਡ ਕਾਰਨ ਲੋਕਾਂ ਦੀ ਆਮਦਨ ਬਹੁੱਤ ਘੱਟ ਗਈ ਹੈ ਜਿਸ ਕਾਰਨ ਗਰੀਬ ਲੋਕਾਂ ਨੂੰ ਆਪਣੀ ਲੜਕੀ ਦੀ ਸ਼ਾਦੀ ਕਰਨੀ ਬਹੁੱਤ ਔਖੀ ਹੋ ਗਈ ਹੈ। ਇਸ ਲਈ ਸਬੰਧਤ ਵਿਭਾਗ ਨੂੰ ਲਿਖਿਆ ਜਾਵੇ ਕਿ ਸ਼ਗਨ ਸਕੀਮ ਦੀ ਰਾਸ਼ੀ ਘੱਟ ਤੋਂ ਘੱਟ 51,000/ ਰੁਪਏ ਕੀਤੀ ਜਾਵੇ।

**Agenda Item No. 7**

**Constitution of Muslim Advisory Board.**

ਮੀਟਿੰਗ ਵਿਚ ਮੁਸਲਿਮ ਮੈਂਬਰਾਂ ਦੁਆਰਾ ਇਹ ਕਿ ਦੂਜੇ ਰਾਜਾਂ ਵਿਚ ਮੁਸਲਿਮ ਐਡਵਾਇਜ਼ਰੀ ਬੋਰਡ ਹਨ, ਇਸ ਲਈ ਪੰਜਾਬ ਵਿਚ ਵੀ ਮੁਸਲਿਮ ਐਡਵਾਇਜ਼ਰੀ ਬੋਰਡ ਸਥਾਪਤ ਕਰਨ ਲਈ ਸਰਕਾਰ ਨੂੰ ਲਿਖਿਆ ਜਾਵੇ।

**PSMC, Resolution (Decision) ) dated 19.10.20**

ਵਿਚਾਰ ਵਟਾਂਦਰੇ ਦੌਰਾਨ ਦਸਿਆ ਗਿਆ ਕਿ ਮਸੀਹੀ ਭਾਈਚਾਰੇ ਦੀ ਭਲਾਈ ਲਈ ਪੰਜਾਬ ਸਰਕਾਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੁਆਰਾ ਅਗਸਤ, 2019 ਵਿਚ ਮਸੀਹੀ ਭਲਾਈ ਬੋਰਡ ਕਾਇਮ ਕੀਤਾ ਗਿਆ ਹੈ। ਇਹ ਫੈਸਲਾ ਲਿਆ ਕਿ ਉਪਰੋਕਤ ਵਿਭਾਗ ਨੂੰ ਲਿਖਿਆ ਜਾਵੇ ਕਿ ਪੰਜਾਬ ਦੇ ਮੁਸਲਿਮ ਲੋਕਾਂ ਦੀ ਭਲਾਈ ਲਈ ਮੁਸਲਿਮ ਭਲਾਈ ਬੋਰਡ ਸਥਾਪਤ ਕੀਤਾ ਜਾਵੇ।

**Agenda Item No. 8 :**

**Setting up Library, Research Cell/Information Cell in the Commission.**

ਅੰਜਡੇ ਵਿਚ ਦਸਿਆ ਗਿਆ ਹੈ ਕਿ ਗ੍ਰਹਿ ਵਿਭਾਗ ਨੂੰ ਬੇਨਤੀ ਕੀਤੀ ਗਈ ਸੀ ਕਿ ਕਮਿਸ਼ਨ ਵਿਚ ਲਾਇਬਰੇਰੀ/ਖੋਜ ਸੈਲ/ਸੂਚਨਾਂ ਸੈਲ ਗਠਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ,ਪਰੰਤੂ ਗ੍ਰਹਿ ਵਿਭਾਗ ਨੇ ਪ੍ਰਵਾਨਗੀ ਨਹੀਂ ਦਿੱਤੀ।

**PSMC, Resolution (Decision) ) dated 19.10.20**

ਵਿਚਾਰ ਵਟਾਂਦਰੇ ਉਪਰੰਤ ਇਹ ਮਹਿਸੂਸ ਕੀਤਾ ਗਿਆ ਕਿ ਕਮਿਸ਼ਨ ਵਿਚ ਲਾਇਬਰੇਰੀ/ਖੋਜ ਸੈਲ/ਸੂਚਨਾਂ ਸੈਲ ਦੀ ਬਹੁੱਤ ਲੋੜ ਹੈ, ਇਸ ਲਈ ਗ੍ਰਹਿ ਵਿਭਾਗ ਨੂੰ ਦੋਬਾਰਾ ਬੇਨਤੀ ਕਰ ਦਿੱਤੀ ਜਾਵੇ ਕਿ ਇਸ ਮਾਮਲੇ ਤੇ ਮੁੱੜ ਵਿਚਾਰ ਕੀਤਾ ਜਾਵੇ।

**Agenda Item No. 9**

**ਵਿੱਤੀ ਸਾਲ 2019-20 ਦੌਰਾਨ ਪ੍ਰਾਪਤ ਆਮਦਨ, ਖਰਚਿਆਂ ਅਤੇ ਬਕਾਇਆ ਰਕਮ ਦੀ ਵਰਤਣ ਦੀ ਪ੍ਰਵਾਨਗੀ।**

ਮੀਟਿੰਗ ਦੇ ਅੰਜੜੇ ਵਿਚ ਦਸਿਆ ਗਿਆ ਕਮਿਸ਼ਨ ਨੂੰ ਸਾਲ 2019-20 ਦੌਰਾਨ ਪ੍ਰਾਪਤ ਹੋਈ ਕੁੱਲ ਆਮਦਨ **30,82,203.00** ਰੁਪਏ ਵਿਚੋਂ **28,68,414. 50** ਰੁਪਏ ਖਰਚ ਹੋਏ ਹਨ ਅਤੇ **2,13,788.50** ਰੁਪਏ ਕਮਿਸ਼ਨ ਦੇ ਖਾਤੇ ਵਿਚ ਮਿਤੀ 01-04-2020 ਨੂੰ ਬਕਾਇਆ ਸਨ। **2,13,788.50** ਰੁਪਏ ਦੀ ਬਕਾਇਆ ਰਾਸ਼ੀ ਨੂੰ ਸਾਲ 2020-21 ਦੌਰਾਨ ਵਰਤ ਲਿਆ ਜਾਵੇਗਾ। ਵਿੱਤੀ ਸਾਲ 2019-20 ਦੇ ਉਪਰੋਕਤ ਆਮਦਨ, ਖਰਚਿਆਂ ਦੀ ਪ੍ਰਵਾਨਗੀ ਅਤੇ ਬਕਾਇਆ ਰਕਮ 2,13,788.50 ਰੁਪਏ ਨੂੰ ਵਿੱਤੀ ਸਾਲ 2020-21 ਦੌਰਾਨ ਵਰਤੱਣ ਦੀ ਕਮਿਸ਼ਨ ਦੀ ਪ੍ਰਵਾਨਗੀ ਮੰਗੀ ਗਈ।

**PSMC, Resolution (Decision) ) dated 19.10.20**

ਕਮਿਸ਼ਨ ਨੇ ਵਿੱਤੀ ਸਾਲ 2019-20 ਦੌਰਾਨ ਪ੍ਰਾਪਤ ਹੋਈ ਆਮਦਨ, ਖਰਚ ਦੀ ਪ੍ਰਵਾਨਗੀ ਅਤੇ ਬਕਾਇਆ ਰਕਮ ਨੂੰ 2020-21 ਦੌਰਾਨ ਵਰਤਣ ਦੀ ਪ੍ਰਵਾਨਗੀ ਦਿੱਤੀ ਗਈ।

**Agenda Item No. 10**

**Any other matter relating to the welfare of minorities will be discussed with the permission of the Chairman.**

ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਮੈਂਬਰਾਂ ਵੱਲੋਂ ਪੇਸ਼ ਕੀਤੇ ਹੇਠ ਲਿਖੇ ਮਾਮਲ ਵਿਚਾਰੇ ਗਏ :-

**Agenda Item No. 10** (1) -

**ਧਾਰਮਿਕ ਸਥਾਨਾਂ ਦੀ ਪ੍ਰਾਪਰਟੀਜ਼ ਜ਼ਾਅਲੀ ਅਟਾਰਨੀਆਂ ਦੁਆਰਾ ਵੇਚਣ ਸਬੰਧੀ।**

ਮਾਲ ਅਤੇ ਪੁਨਰਵਾਸ ਵਿਭਾਗ, ਪੰਜਾਬ ਨੂੰ ਪੱਤਰ ਮਿਤੀ 15-06-2020 ਨੂੰ ਕਮੇਟੀ ਗਠਤ ਕਰਨ ਲਈ ਲਿਖਿਆ ਗਿਆ। ਮਾਲ ਵਿਭਾਗ ਨੇ ਪੱਤਰ ਮਿਤੀ 23-07-20 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਕਿ ਇਸ ਸਬੰਧ ਵਿਚ ਉਹਨਾਂ ਨੇ ਪਹਿਲਾਂ ਹੀ ਪੱਤਰ ਮਿਤੀ 25-01-2019 ਰਾਹੀਂ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜ਼ਾਰੀ ਕੀਤੀਆਂ ਹੋਈਆਂ ਹਨ। ਇਸ ਤੋਂ ਬਾਅਦ ਕਮਿਸ਼ਨ ਦੇ

ਪੱਤਰ ਮਿਤੀ 18-03-20 ਰਾਹੀਂ ਮਾਲ ਵਿਭਾਗ ਨੂੰ ਦੁਬਾਰਾ ਲਿਖਿਆ ਗਿਆ ਕਿ ਸਾਰੇ ਡੀ.ਸੀ. ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕਿਸੇ ਵੀ ਧਾਰਮਿਕ ਜਗ੍ਹਾ ਦੀ ਰਜਿਸਟਰੀ ਕਰਨ ਤੋਂ ਪਹਿਲਾਂ ਕਮਿਸ਼ਨ ਨੂੰ ਸੂਚਿਤ ਕਰਨਾ ਲਾਜ਼ਮੀ ਬਣਾਉਣ। ਮਾਲ ਵਿਭਾਗ ਨੇ ਕਮਿਸ਼ਨ ਦੇ ਪੱਤਰ ਦੀ ਕਾਪੀ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਮਿਤੀ 26-8-20 ਰਾਹੀਂ ਲੋੜੀਂਦੀ ਕਾਰਵਾਈ ਕਰਨ ਲਈ ਭੇਜ ਦਿੱਤੀ ਹੈ।

**PSMC, Resolution (Decision) ) dated 19.10.20**

ਇਸ ਬਾਰੇ ਫੈਸਲਾ ਲਿਆ ਗਿਆ ਕਿ ਸਰਕਾਰ/ਮਾਲ ਵਿਭਾਗ ਨੂੰ ਲਿਖਿਆ ਜਾਵੇ ਕਿ ਜਿਹੜੇ ਜ਼ਾਅਲੀ ਟਰਸਟਾਂ ਜਾਂ ਵਿਅਕਤੀ ਵੱਲੋਂ ਜ਼ਾਅਲੀ ਅਟਾਰਨੀ ਤਿਆਰ ਕਰਕੇ ਧਾਰਮਿਕ ਸਥਾਨਾਂ ਦੀ ਪ੍ਰਾਪਟੀ ਵੇਚੀ ਗਈ ਹੈ ਜਾਂ ਭਵਿੱਖ ਵਿਚ ਵੇਚੀ ਜਾਂਦੀ ਹੈ ਤਾਂ ਉਸ ਖਿਲਾਫ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

**Agenda Item No. 10** (2) -

**Notify/Declare Christian and Muslims as Minority Communities in the Punjab State.**

ਮੀਟਿੰਗ ਵਿਚ ਦਸਿਆ ਗਿਆ ਕਿ Pb. State Commission for Minorities Act, 2012, section 2 ,clause (e) ਅਨੁਸਾਰ ਕਮਿਸ਼ਨ ਦੁਆਰਾ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨੂੰ ਪੱਤਰ ਮਿਤੀ 07-07-2020 ਰਾਹੀਂ ਪੰਜਾਬ ਰਾਜ ਅੰਦਰ ਘੱਟ ਗਿਣਤੀ ਭਾਈਚਾਰੇ ਘੋਸ਼ਤ ਕਰਨ ਲਈ ਲਿਖਿਆ ਹੈ। ਪੰਜਾਬ ਸਰਕਾਰ ਦੁਆਰਾ ਕੇਵਲ ਜੈਨ ਭਾਈਚਾਰੇ ਨੂੰ ਘੱਟ ਗਿਣਤੀ ਭਾਈਚਾਰਾ ਡਿਕਲੇਅਰ ਕੀਤਾ ਹੈ, ਮੁਸਲਿਮ ਅਤੇ ਇਸਾਈ ਭਾਈਚਾਰੇ ਘੱਟ ਡਿਕਲੇਅਰ ਨਾ ਹੋਣ ਕਾਰਨ ਘੱਟ ਗਿਣਤੀ ਸਰਟੀਫਕੇਟ ਜ਼ਾਰੀ ਹੋਣ ਵਿਚ ਬਹੁੱਤ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਦਾ ਲਾਭ ਪ੍ਰਾਪਤ ਕਰਨ ਲਈ ਵੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ।

**PSMC, Resolution (Decision) ) dated 19.10.20**

(1) ਇਹ ਫੈਸਲਾ ਲਿਆ ਕਿ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ ਨੂੰ ਦੋਬਾਰਾ ਲਿਖਿਆ ਜਾਵੇ ਕਿ ਮੁਸਲਿਮ ਅਤੇ ਇਸਾਈ ਭਾਈਚਾਰੇ ਨੂੰ ਪੰਜਾਬ ਵਿਚ ਘੱਟ ਗਿਣਤੀ ਭਾਈਚਾਰੇ ਘੋਸ਼ਤ ਕਰਨ ਲਈ ਤੁਰੰਤ ਨੋਟੀਫੀਕੇਸ਼ਨ ਜ਼ਾਰੀ ਕੀਤਾ ਜਾਵੇ।

(2) ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਨੂੰ ਵੀ ਲਿਖਿਆ ਜਾਵੇ ਕਿ ਮੁਸਲਿਮ ਅਤੇ ਇਸਾਈ ਭਾਈਚਾਰੇ ਦੇ ਲੋਕਾਂ ਨੂੰ ਘੱਟ ਗਿਣਤੀ ਦਾ ਸਰਟੀਫੀਕੇਟ ਜ਼ਾਰੀ ਕਰਨ ਦੇ ਸਬੰਧ ਵਿਚ ਹਦਾਇਤਾਂ ਜ਼ਾਰੀ ਕੀਤੀਆਂ ਜਾਣ।

**Agenda Item No. 10** (3) –

**Complaints and Proposals**

**PSMC, Resolution (Decision) ) dated 19.10.20**

ਕਮਿਸ਼ਨ ਦੇ ਮੈਂਬਰਾਂ ਨੂੰ ਲੋਕਾਂ ਵੱਲੋਂ ਕਈ ਵਾਰ ਸਿੱਧੇ ਤੌਰ ਤੇ ਸ਼ਿਕਾਇਤਾਂ ਅਤੇ ਮੰਗ ਪੱਤਰ ਭੇਜੇ ਜਾਂਦੇ ਹਨ। ਇਹਨਾਂ ਦਾ ਨਿਪਟਾਰਾ ਕਰਨ ਲਈ ਇਹ ਫੈਸਲਾ ਕੀਤਾ ਗਿਆ ਕਿ ਸ਼ਿਕਾਇਤਾਂ ਅਤੇ ਮੰਗ ਪੱਤਰ ਜੋ ਮੈਂਬਰਾਂ ਨੂੰ ਪ੍ਰਾਪਤ ਹੁੰਦੇ ਹਨ ਉਹ ਮੈਂਬਰਾਂ ਵੱਲੋਂ ਕਮਿਸ਼ਨ ਨੂੰ ਅਗਲੀ ਕਾਰਵਾਈ ਲਈ ਭੇਜੇ ਜਾਣ। ਇਸ ਤੋਂ ਇਲਾਵਾ ਮੈਂਬਰਾਂ ਵੱਲੋਂ ਘੱਟ ਗਿਣਤੀ ਭਾਈਚਾਰਿਆਂ ਦੀ ਭਲਾਈ ਲਈ ਅਤੇ ਹੋਰ ਮਸਲਿਆਂ ਬਾਰੇ ਜੇ ਕਰ ਕੋਈ ਤਜਵੀਜ਼/ਸੁਝਾਓ ਕਮਿਸ਼ਨ ਨੂੰ ਦਿੱਤੇ ਜਾਣ, ਉਹ ਲਿਖਤੀ ਰੂਪ ਵਿਚ ਕੇਸ ਦੇ full fact and suggestions ਸਮੇਤ ਚੇਅਰਮੈਨ ਜੀ ਨੂੰ ਭੇਜੇ ਜਾਣ। ਕਮਿਸ਼ਨ ਵੱਲੋਂ ਵਿਚਾਰਨ ਉਪਰੰਤ ਤੇ ਅੱਗਲੀ ਕਾਰਵਾਈ ਕੀਤੀ ਜਾਵੇਗੀ।

**Agenda Item No. 10** (4)–

**ਪੰਜਾਬ ਸਰਕਾਰ ਅਧੀਨ ਯੂਨਵਰਸਟੀਆਂ ਵਿਚ ਮੁਸਲਿਮ, ਇਸਾਈ ਅਤੇ ਜੈਨ ਚੇਅਰ ਸਥਾਪਤ ਕਰਨ ਬਾਰੇ।**

ਸ੍ਰੀ ਸਲਿਲ ਕੁਮਾਰ, ਮੈਂਬਰ ਵੱਲੋਂ ਸੁਝਾਓ ਦਿੱਤਾ ਗਿਆ ਕਿ ਪੰਜਾਬ ਸਰਕਾਰ ਅਧੀਨ ਸਾਰੀਆਂ ਯੂਨੀਵਰਸਟੀਆਂ ਵਿਚ ਜੈਨ ਚੇਅਰ/ਘੱਟ ਗਿਣਤੀ ਭਾਈਚਾਰੇ ਲਈ ਸਥਾਪਤ ਕਰਨ ਲਈ ਪੰਜਾਬ ਸਰਕਾਰ ਨੂੰ ਲਿਖਿਆ ਜਾਵੇ।

**PSMC, Resolution (Decision) ) dated 19.10.20**

(1) ਵਿਚਾਰ ਵਟਾਂਦਰੇ ਉਪਰੰਤ ਫੈਸਲਾ ਲਿਆ ਗਿਆ ਕਿ ਪੰਜਾਬ ਸਰਕਾਰ ਅਧੀਨ ਸਾਰੀਆਂ ਯੂਨੀਵਰਸਟੀਆਂ ਵਿਚ ਮੁਸਲਿਮ, ਇਸਾਈ ਅਤੇ ਜੈਨ ਚੇਅਰ ਸਥਾਪਤ ਕਰਨ ਲਈ ਪੰਜਾਬ ਸਰਕਾਰ ਨੂੰ ਲਿਖਿਆ ਜਾਵੇ।

(2) ਪੰਜਾਬ ਸਰਕਾਰ ਨੂੰ ਇਹ ਵੀ ਲਿਖਿਆ ਜਾਵੇ ਕਿ ਜੈਨ ਭਾਈਚਾਰੇ ਮਹਤੱਵ ਪੂਰਨ ਤਿਓਹਾਰਾਂ ਸੰਵਤਸਰੀ ( ਭਾਦੋਂ ਸੁਦੀ ਚੌਥ) ਅਤੇ ਅੰਨਤ ਚਤੁਰਦਰਸ਼ੀ (ਭਾਦੋਂ ਸੁਦੀ ਚੌਦਸ) ਨੂੰ ਰਾਖਵੀਆਂ ਛੁੱਟੀਆਂ ਦੀ ਸੂਚੀ ਵਿਚ ਦਰਜ਼ ਕੀਤਾ ਜਾਵੇ। ਇਹਨਾਂ ਦੋ ਦਿੰਨਾਂ ਨੂੰ ਮੀਟ ਦੀਆਂ ਦੁਕਾਨਾਂ ਅਤੇ ਸਲਾਟਰ ਹਾਉਸ ਬੰਦ ਰੱਖਣ ਲਈ ਹਦਾਇਤਾਂ ਜ਼ਾਰੀ ਕੀਤੀਆਂ ਜਾਣ। ਅਤੇ ਜੈਨ ਤਿਓਹਾਰਾਂ ਨੂੰ ਸਲਾਟਰ ਹਾਉਸ ਅਤੇ ਮੀਟ ਦੀਆਂ ਦੁਕਾਨਾਂ ਬੰਦ ਰੱਖਣ ਲਈ ਵੀ ਲਿਖਿਆ ਜਾਵੇ।

**Agenda Item No. 10** (5)-

**ਕਮਿਸ਼ਨ ਦੀਆਂ ਜ਼ਿਲਿਆਂ ਵਿਚ ਮੀਟਿੰਗਾਂ ਕਰਨ ਸਬੰਧੀ।**

ਚੇਅਰਮੈਨ ਜੀ ਨੇ ਸੂਚਿਤ ਕੀਤਾ ਕਿ ਪਹਿਲਾਂ ਗੁਰਦਾਸਪੁਰ ਅਤੇ ਜਲੰਧਰ ਵਿਚ ਕਮਿਸ਼ਨ ਦੀ ਮੀਟਿੰਗਾਂ ਕੀਤੀਆਂ ਗਈਆਂ ਜਿਹਨਾਂ ਵਿਚ ਜ਼ਿਲਾ ਪੱਧਰ ਤੇ ਵੱਖ ਵੱਖ ਵਿਭਾਗਾਂ ਦੇ ਅਫਸਰ ਸ਼ਾਮਲ ਹੋਏ ਜੋ ਬਹੁੱਤ ਸਫਲ ਹੋਈਆਂ ਅਤੇ ਬਹੁੱਤ ਸਾਰੇ ਮਾਮਲੇ ਮੌਕੇ ਤੇ ਹੀ ਨਿਪਟਾਏ ਗਏ।

**PSMC, Resolution (Decision) ) dated 19.10.20**

ਸਰਬ ਸੰਮਤੀ ਨਾਲ ਫੈਸਲਾ ਗਿਆ ਕਿ ਸ਼ਹਿਰਾਂ ਅਤੇ ਪਿੰਡਾਂ ਦੇ ਘੱਟ ਗਿਣਤੀ ਦੇ ਲੋਕਾਂ ਦੇ ਮਾਮਲੇ, ਸ਼ਿਕਾਇਤਾਂ ਅਤੇ ਮੰਗਾਂ ਦਾ ਮੌਕੇ ਤੇ ਹੀ ਨਿਪਟਾਰਾ ਕਰਨ ਲਈ ਡਿਪਟੀ ਕਮਿਸ਼ਨਰਜ਼ ਅਤੇ ਸਬੰਧਤ ਵਿਭਾਗਾਂ ਦੇ ਅਫਸਰ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ।

**Agenda Item No. 10** (6)

**ਆਉਟਸੋਰਸ ਤੇ ਕੰਮ ਕਰਦੇ ਵਿਅਕਤੀਆਂ ਦੀਆਂ ਸੇਵਾਵਾਂ ਨੂੰ ਸਾਲ 2020-21 ਦੌਰਾਨ ਚਾਲੂ ਰੱਖਣ ਬਾਰੇ।**

Punjab State Commission for Minorities Act, 2012 ( Pb.Act No. 13 of 2013) ਦੇ ਸੈਕਸ਼ਨ 9 (1) ਅਨੁਸਾਰ ਕਮਿਸ਼ਨ ਦਾ ਦਫਤਰੀ ਕੰਮ ਕਾਰ ਚਲਾਉਣ ਲਈ ਦਫਤਰੀ ਅਮਲਾ ਸਰਕਾਰ ਦੁਆਰਾ ਪ੍ਰੋਵਾਇਡ ਕਰਵਾਇਆ ਜਾਣਾ ਹੈ। ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨੇ ਦਫਤਰੀ ਅਮਲਾ ਸਾਲ 2010 ਤੋਂ ਆਉਟਸੋਰਸ ਰਾਹੀਂ ਰੱਖਣ ਦੀ ਪ੍ਰਵਾਨਗੀ ਦਿੱਤੀ ਹੋਈ ਹੈ। ਗ੍ਰਹਿ ਵਿਭਾਗ ਦੇ ਪੱਤਰ ਨੰ: 1/12/2012-6ਅਦ2/240 ਮਿਤੀ 26-1-2020 ਰਾਹੀਂ ਕਮਿਸ਼ਨ ਦੀਆਂ 6 ਕੱਚੀਆਂ ਆਸਾਮੀਆਂ ਨੂੰ ਪੱਕੀਆਂ ਆਸਾਮੀਆਂ ਵਿਚ ਦਬਦੀਲ ਕਰਨ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਹੈ ਕਿ ਆਸਾਮੀਆਂ ਪਹਿਲਾਂ ਦੀ ਤਰ੍ਹਾਂ ਆਉਟਸੋਰਸ ਰਾਹੀਂ ਭਰੀਆਂ ਜਾਣ। ਵਿੱਤੀ ਸਾਲ 2020-21 ਦੌਰਾਨ ਸਰਕਾਰ ਦੁਆਰਾ ਦਫਤਰੀ ਅਮਲਾ ਪ੍ਰੋਵਾਇਡ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਲਈ ਆਉਟ ਸੋਰਸ ਤੇ ਕੰਮ ਕਰਕੇ ਸੁਪਰੰਡਟ, ਪੀ.ਏ. ਸੀਨੀਅਰ ਸਹਾਇਕ , ਕਲਰਕ ਅਤੇ ਦੋ ਸੇਵਾਦਰਾਂ ਦੀਆਂ ਸੇਵਾਵਾਂ 31-03-2021 ਤੱਕ ਜ਼ਾਰੀ ਰੱਖਣ ਲਈ ਵਿੱਤ ਵਿਭਾਗ ਦੇ ਪੱਤਰ ਨੰ: 7/19/2018-4ਐਫ.ਪੀ 1/1066, ਮਿਤੀ 12-10-20202 ਦੇ ਸਨਮੁੱਖ ਕਮਿਸ਼ਨ ਦੀ ਪ੍ਰਵਾਨਗੀ ਦੀ ਲੋੜ ਹੈ।

ਉਪਰੋਕਤ ਦੇ ਸਨਮੁੱਖ ਕਮਿਸ਼ਨ ਵੱਲੋਂ ਇਕ ਸੁਪਰੰਡਟ, ਇਕ ਪੀ.ਏ, ਇਕ ਸੀਨੀਅਰ ਸਹਾਇਕ, ਇਕ ਕਲਰਕ ਅਤੇ ਦੋ ਸੇਵਾਦਰਾਂ ਦੀਆਂ ਸੇਵਾਵਾਂ 31-03-2021 ਤੱਕ ਜ਼ਾਰੀ ਰੱਖਣ ਦੀ ਪ੍ਰਵਾਨਗੀ ਦੇ ਦਿੱਤੀ ਗਈ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

Emanuel Nahar

( ਪ੍ਰੋ:ਇੰਮਾਨੂੰਏਲ ਨਾਹਰ)

ਚੇਅਰਮੈਨ